# मईया मैं तेरी पतंग

मईया मैं तेरी पतंग, मईया मैं तेरी पतंग।।
हवा विच उडदी जावांगी, हवा विच उडदी जावांगी।
मईया डोर हथों छड्डी ना, मैं कट्टी जावांगी।।
मईया मैं तेरी पतंग, मईया मैं तेरी पतंग।

बड़ी मुश्किल दे नाल मिलया,
मैनु तेरा द्वारा ए, मईया तेरा द्वारा ए।।
मैनु इको तेरा आसरा,
नाले तेरा सहारा ए, मईया तेरा सहारा ए।
हून तेरे ही भरोसे, मईया तेरे ही भरोसे।
हवा विच उडदी जावांगी, हवा विच उडदी जावांगी।
मईया डोर हथों छड्डी ना, मैं कट्टी जावांगी।।
मईया मैं तेरी पतंग, मईया मैं तेरी पतंग.......

इहना चरणा कमलां नालो,
मैनु दूर हटाई ना, मईया दूर हटाई ना।।
इस झूठे जग्ग दे अंदर,
मेरा पेचा लायी ना, मईया पेचा लायी ना।
जे कट गई ता मईया, जे कट गई ता मईया।
फिर मैं लुट्टी जावांगी, फिर मैं लुट्टी जावांगी।
मईया डोर हथों छड्डी ना, मैं कट्टी जावांगी।।
मईया मैं तेरी पतंग, मईया मैं तेरी पतंग.......

अज्ज मल्या बूहा आन के,
मैं तेरे द्वार दा, मईया तेरे द्वार दा।।
इक वारी तू हथ रखदे,
मेरे सिर ते प्यार दा, मईया सिर ते प्यार दा।
फिर जनम मरन दे गेड़े, मईया जनम मरन दे गेड़े।
तो मैं बचदी जावांगी, तो मैं बचदी जावांगी।
मईया डोर हथों छड्डी ना, मैं कट्टी जावांगी।।
मईया मैं तेरी पतंग, मईया मैं तेरी पतंग.......

हथ ढिलक पई तेरे चरखे दी,
मैथो कत्या जावे ना, मईया कत्या जावे ना।
दिन चढ़या हून कद गुजरे,
कट्टी रात जावे ना, मईया रात जावे ना।
कर नाम सिमर मईया तेरा, कर नाम सिमर मईया तेरा।
जिंद मेरी कट्टी जावेगी, जिंद मेरी कट्टी जावेगी।

मईया डोर हथों छड्डी ना, मैं कट्टी जावांगी।।
मईया मैं तेरी पतंग, मईया मैं तेरी पतंग.......

ਮਈਆ ਮੈਂ ਤੇਰੀ ਪਤੰਗ, ਮਈਆ ਮੈਂ ਤੇਰੀ ਪਤੰਗ ॥
*ਹਵਾ ਵਿੱਚ ਉੱਡਦੀ ਜਾਂਵਾਗੀ, ਹਵਾ ਵਿੱਚ ਉੱਡਦੀ ਜਾਂਵਾਗੀ ।
ਮਈਆ/ਅੰਬੇ ਡੋਰ ਹੱਥੋਂ ਛੱਡੀ ਨਾ, ਮੈਂ ਕੱਟੀ ਜਾਵਾਂਗੀ ॥
ਮਈਆ ਮੈਂ ਤੇਰੀ ਪਤੰਗ, ਮਈਆ ਮੈਂ ਤੇਰੀ ਪਤੰਗ ।

ਬੜੀ ਮੁਸ਼ਕਿਲ ਦੇ ਨਾਲ ਮਿਲਿਆ,
ਮੈਨੂੰ ਤੇਰਾ ਦਵਾਰਾ ਏ, ਮਈਆ ਤੇਰਾ ਦਵਾਰਾ ਏ ॥
ਮੈਨੂੰ ਇੱਕੋ ਤੇਰਾ ਆਸਰਾ,
ਨਾਲੇ ਤੇਰਾ ਸਹਾਰਾ ਏ, ਮਈਆ ਤੇਰਾ ਸਹਾਰਾ ਏ ।
ਹੁਣ ਤੇਰੇ ਹੀ ਭਰੋਸੇ, ਮਈਆ ਤੇਰੇ ਹੀ ਭਰੋਸੇ ।
*ਹਵਾ ਵਿੱਚ ਉੱਡਦੀ ਜਾਂਵਾਗੀ, ਹਵਾ ਵਿੱਚ ਉੱਡਦੀ ਜਾਂਵਾਗੀ ।
ਮਈਆ/ਅੰਬੇ ਡੋਰ ਹੱਥੋਂ ਛੱਡੀ ਨਾ, ਮੈਂ ਕੱਟੀ ਜਾਵਾਂਗੀ ॥
ਮਈਆ ਮੈਂ ਤੇਰੀ ਪਤੰਗ, ਮਈਆ ਮੈਂ ਤੇਰੀ ਪਤੰਗ.....

ਏਹਨਾਂ ਚਰਨਾਂ ਕਮਲਾਂ ਨਾਲੋਂ,
ਮੈਨੂੰ ਦੂਰ ਹਟਾਈਂ ਨਾ, ਮਈਆ ਦੂਰ ਹਟਾਈਂ ਨਾ ॥
ਇਸ ਝੂਠੇ ਜੱਗ ਦੇ ਅੰਦਰ,
ਮੇਰਾ ਪੇਚਾ ਲਾਈਂ ਨਾ, ਮਈਆ ਪੇਚਾ ਲਾਈਂ ਨਾ ।
ਜੇ ਕੱਟ ਗਈ ਤਾਂ ਮਈਆ, ਜੇ ਕੱਟ ਗਈ ਤਾਂ ਮਈਆ ।
*ਫਿਰ ਮੈਂ ਲੁੱਟੀ ਜਾਵਾਂਗੀ, ਫਿਰ ਮੈਂ ਲੁੱਟੀ ਜਾਵਾਂਗੀ ।
ਮਈਆ/ਅੰਬੇ ਡੋਰ ਹੱਥੋਂ ਛੱਡੀ ਨਾ, ਮੈਂ ਕੱਟੀ ਜਾਵਾਂਗੀ ॥
ਮਈਆ ਮੈਂ ਤੇਰੀ ਪਤੰਗ, ਮਈਆ ਮੈਂ ਤੇਰੀ ਪਤੰਗ.......

ਅੱਜ ਮੱਲਿਆ ਬੂਹਾ ਆਣ ਕੇ,
ਮੈਂ ਤੇਰੇ ਦਵਾਰ ਦਾ, ਮਈਆ ਤੇਰੇ ਦਵਾਰ ਦਾ ॥
ਇੱਕ ਵਾਰੀ ਤੂੰ, ਹੱਥ ਰੱਖ ਦੇ,
ਮੇਰੇ ਸਿਰ ਤੇ ਪਿਆਰ ਦਾ, ਮਈਆ ਸਿਰ ਤੇ ਪਿਆਰ ਦਾ ।
ਫਿਰ ਜਨਮ ਮਰਨ ਦੇ ਗੇੜੇ, ਮਈਆ ਜਨਮ ਮਰਨ ਦੇ ਗੇੜੇ ।
*ਤੋਂ ਮੈਂ ਬੱਚਦੀ ਜਾਵਾਂਗੀ, ਤੋਂ ਮੈਂ ਬੱਚਦੀ ਜਾਵਾਂਗੀ ।
ਮਈਆ/ਅੰਬੇ ਡੋਰ ਹੱਥੋਂ ਛੱਡੀ ਨਾ, ਮੈਂ ਕੱਟੀ ਜਾਵਾਂਗੀ ॥
ਮਈਆ ਮੈਂ ਤੇਰੀ ਪਤੰਗ, ਮਈਆ ਮੈਂ ਤੇਰੀ ਪਤੰਗ.......

ਹੱਥ ਢਿਲਕ ਪਈ ਤੇਰੇ ਚਰਖੇ ਦੀ,
ਮੈਥੋਂ ਕੱਤਿਆ ਜਾਵੇ ਨਾ, ਮਈਆ ਕੱਤਿਆ ਜਾਵੇ ਨਾ ॥
ਦਿਨ ਚੜ੍ਹਿਆ ਹੁਣ ਕਦ ਗੁਜ਼ਰੇ,
ਕੱਟੀ ਰਾਤ ਜਾਵੇ ਨਾ, ਮਈਆ ਰਾਤ ਜਾਵੇ ਨਾ ।
ਕਰ ਨਾਮ ਸਿਮਰ ਮਈਆ ਤੇਰਾ, ਕਰ ਨਾਮ ਸਿਮਰ ਮਈਆ ਤੇਰਾ ।
*ਜਿੰਦ ਮੇਰੀ ਕੱਟੀ ਜਾਵੇਗੀ, ਜਿੰਦ ਮੇਰੀ ਕੱਟੀ ਜਾਵੇਗੀ ।
ਮਈਆ/ਅੰਬੇ ਡੋਰ ਹੱਥੋਂ ਛੱਡੀ ਨਾ, ਮੈਂ ਕੱਟੀ ਜਾਵਾਂਗੀ ॥
ਮਈਆ ਮੈਂ ਤੇਰੀ ਪਤੰਗ, ਮਈਆ ਮੈਂ ਤੇਰੀ ਪਤੰਗ.......

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/23095/title/Maiya-Main-Teri-Patang

अपने Android मोबाइल पर BhajanGanga App डाउनलोड करें और भजनों का आनंद ले |